# ਅਰੁਨਧਤੀ ਰਾਏ ਅਤੇ ਹੋਰਨਾਂ ਨੂੰ ਧਮਕੀਆਂ

ਕੁਝ ਦਿਨ ਹੋਏ ਦਿੱਲੀ ਵਿਚ ਕਸ਼ਮੀਰ ਬਾਰੇ ਇਕ ਕਾਂਨਫਰੰਸ ਹੋਈ ਜਿਥੇ ਅਰੁਨਧਤੀ ਰਾਏ ਅਤੇ ਹੋਰ ਬੁਲਾਰਿਆਂ ਨੇ ਕਸ਼ਮੀਰ ਦੇ ਲੋਕਾਂ ਦੀ ਹੱਕਾਂ ਦੀ ਲੜਾਈ ਬਾਰੇ ਤਕਰੀਰਾਂ ਕੀਤੀਆਂ ਤੇ ਕਿਹਾ ਕਿ ਕਸ਼ਮੀਰ ਦੇ ਲੋਕ ਆਜ਼ਾਦੀ ਦੀ ਤਾਂਘ ਰਖਦੇ ਹਨ ਅਤੇ ਹੋਰਨਾਂ ਲੋਕਾਂ ਵਾਂਗ ਉਨ੍ਹਾਂ ਦੀ ਆਜ਼ਾਦੀ ਦਾ ਹੱਕ ਵੀ ਤਸਲੀਮ ਹੋਣਾ ਚਾਹੀਦਾ ਹੈ ਅਤੇ ਇਸ ਵਿਚ ਹੀ ਹਿੰਦੁਸਤਾਨ ਦੇ ਤਮਾਮ ਲੋਕਾਂ ਦਾ ਭਲਾ ਹੈ। ਸੈਯਦ ਜਿਲਾਨੀ ਨੇ ਕਿਹਾ ਕਿ ਕਸ਼ਮੀਰੀ ਲੋਕ ਹਿੰਦੁਸਤਾਨੀ ਰਾਜ ਅਤੇ ਸਰਕਾਰ ਦੇ ਜ਼ੁਲਮ ਖ਼ਿਲਾਫ਼ 1947 ਤੋਂ ਹੀ ਲੜ ਰਹੇ ਹਨ ਅਤੇ  ਆਜ਼ਾਦੀ ਚਾਹੁੰਦੇ ਹਨ। ਇਸੇ ਤਰਾਂ ਹੋਰ ਬੁਲਾਰਿਆਂ ਨੇ ਵੀ ਕਸ਼ਮੀਰ ਦੇ ਲੋਕਾਂ ਦੇ ਘੋਲ ਦੀ ਪੁਰਜ਼ੋਰ ਹਿਮਾਇਤ ਕੀਤੀ।

ਕਾਨਫਰੰਸ ਦੇ ਦੌਰਾਨ ਕੁਝ ਸ਼ਰਾਰਤੀ ਅੰਸਰਾਂ ਨੇ ਰੌਲਾ ਪਾ ਕੇ ਕਾਨਫਰੰਸ ਭੰਗ ਕਰਨ ਦੀ ਕੋਸ਼ਿਸ਼ ਕੀਤੀ ਪਰ ਜਥੇਬੰਦਕਾਂ ਨੇ ਉਨ੍ਹਾਂ ਦੀ ਇਹ ਚਾਲ ਚਲਣ ਨਹੀਂ ਦਿਤੀ। ਉਨ੍ਹਾਂ ਨੇ ਸਭ ਨੂੰ ਆਪਣੀ ਗੱਲ ਕਰਨ ਦੇਣ ਦੀ ਦਲੀਲ ਦਿਤੀ। ਕਾਨਫਰੰਸ ਦੇ ਬਾਅਦ ਬੀ ਜੇ ਪੀ ਦੇ ਆਗੂ ਅਰੁਨ ਜੇਤਲੀ ਅਤੇ ਕੁਝ ਹੋਰਨਾਂ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਅਰੁਨਧਤੀ ਅਤੇ ਹੋਰਨਾਂ ਨੂੰ ਦੇਸ਼ ਵਿਰੋਧੀ ਕਰਾਰ ਦੇ ਕੇ ਹਿਰਾਸਤ ਵਿਚ ਲੈ ਲਿਆ ਜਾਵੇ। ਖ਼ਬਰਾਂ ਸਨ ਕਿ ਸਰਕਾਰ ਇਸ ਬਾਰੇ ਗੌਰ ਕਰ ਰਹੀ ਹੈ ਲੇਕਿਨ ਹੁਣ ਪਤਾ ਲੱਗਾ ਹੈ ਕਿ ਸਰਕਾਰ ਨੇ ਇਨ੍ਹਾਂ ਬੁਲਾਰਿਆਂ ਦੇ ਖ਼ਿਆਲਾਂ ਨੂੰ ਨਾਪਸੰਦ ਕਰਦੇ ਹੋਏ ਇਕ `ਮੰਦਭਾਗੀ` ਗੱਲ ਕਿਹਾ ਹੈ ਪਰ ਹਾਲ ਦੀ ਘੜੀ ਕੋਈ ਕਾਰਵਾਈ ਨਾ ਕਰਨ ਦਾ ਫੈਸਲਾ ਲਿਆ ਹੈ।

ਅਰੁਨਧਤੀ ਅਤੇ ਹੋਰਨਾਂ ਤੇ ਇਹ ਹਮਲਾ ਸਾਰੇ ਹੀ ਲੋਕਾਂ ਦੇ ਜ਼ਮੀਰ ਦੇ ਹੱਕ ਤੇ ਹਮਲਾ ਹੈ। ਹਰੇਕ ਇਨਸਾਨ ਨੂੰ ਆਜ਼ਾਦੀ ਨਾਲ ਸੋਚਣ ਅਤੇ ਆਪਣੇ ਖ਼ਿਆਲ ਰਖਣ ਤੇ ਕਹਿਣ ਦਾ ਹੱਕ ਹੈ। ਇਹ ਹੱਕ ਮਨੁੱਖੀ ਹੋਂਦ ਨਾਲ ਜੁੜਿਆ ਹੋਇਆ ਹੱਕ ਹੈ। ਹਿੰਦੁਸਤਾਨੀ ਹਾਕਮ ਟੋਲਾ ਅਤੇ ਉਨ੍ਹਾਂ ਦੀ ਰਿਆਸਤ ਆਪਣੇ ਮੁਨਾਫਿਆਂ ਅਤੇ ਜ਼ੁਲਮ ਦਾ ਰਾਜ ਬਰਕਰਾਰ ਰੱਖਣ ਲਈ ਇਸ ਹੱਕ ਨੂੰ ਕੁਚਲਣਾ ਚਾਹੁੰਦੇ ਹਨ। ਪਰ ਲੋਕ ਆਪਣੇ ਹੱਕਾਂ ਦੀ ਰਾਖੀ ਲਈ ਇਕ ਮਹਾਨ ਘੋਲ ਚਲਾ ਰਹੇ ਹਨ। ਕਸ਼ਮੀਰ ਦੇ ਲੋਕਾਂ ਦਾ ਆਪਣੇ ਹੱਕਾਂ ਲਈ ਘੋਲ ਹਿੰਦੁਸਤਾਨ ਅਤੇ ਦੱਖਣੀ ਏਸ਼ੀਆ ਦੇ ਸਾਰੇ ਹੀ ਲੋਕਾਂ ਦੇ ਹੱਕਾ ਦੀ ਰਾਖੀ ਦੇ ਘੋਲ ਦਾ ਇਕ ਅਟੁਟ ਹਿੱਸਾ ਹੈ। ਅਰੁਨਧਤੀ ਅਤੇ ਹੋਰ ਬੁਲਾਰੇ ਇਨ੍ਹਾਂ ਘੋਲਾਂ ਦੀ ਹੀ ਆਵਾਜ਼ ਹਨ ਤੇ ਜ਼ੋਰ ਜਬਰ ਨਾਲ ਇਹ ਆਵਾਜ਼ ਦਬਾਈ ਨਹੀਂ ਜਾ ਸਕਦੀ।

ਮਨਮੋਹਨ ਸਿੰਘ ਅਤੇ ਚਿਦੰਬਰਮ ਨੂੰ ਤਾਰੀਖ਼ ਤੋਂ ਕੁਝ ਸਿੱਖਣਾ ਚਾਹੀਦਾ ਹੈ। ਕਹਿੰਦੇ ਹਨ ਕਿ ਇਹ ਦੋਵੇਂ ਬਹੁਤ ਪੜੇ ਲਿਖੇ ਹੋਏ ਹਨ ਪਰ ਲਗਦਾ ਹੈ ਕਿ ਇਨ੍ਹਾਂ ਨੇ ਤਾਰੀਖ਼ ਅਤੇ ਜ਼ਿੰਦਗੀ ਤੋਂ ਕੋਈ ਵੀ ਸਬਕ ਨਹੀਂ ਸਿੱਖਿਆ। ਹਲਾਕੂ, ਹਿਟਲਰ ਅਤੇ ਹੋਰਨਾਂ ਤਾਨਾਸ਼ਾਹਾਂ ਨੇ ਵੀ ਜ਼ਮੀਰ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਦਬਾ ਨਹੀਂ ਸੀ ਸਕੇ ਤੇ ਅੰਤ ਇਤਹਾਸ ਦੀ ਰੱਦੀ ਦੀ ਟੋਕਰੀ ਵਿਚ ਗਏ।

ਕਿਸੇ ਵੀ ਧਮਕੀ ਅਤੇ ਤਸ਼ੱਦਦ ਨਾਲ ਹੱਕ ਸੱਚ ਦੀ ਆਵਾਜ਼ ਦਬਾਈ ਅਤੇ ਕੁਚਲੀ ਨਹੀਂ ਜਾ ਸਕਦੀ। ਤਾਰੀਖ ਅਤੇ ਆਵਾਗਵਨ ਦਾ ਇਹ ਸਬਕ ਹੈ। ਇਹ ਹੱਡ-ਬੀਤੀ ਲੋਕਾਂ ਦੀ ਜ਼ਮੀਰ ਦਾ ਇਕ ਹਿੱਸਾ ਬਣ ਚੁੱਕੀ ਹੈ ਜੋ ਹਾਕਮਾਂ ਦੀ ਖ਼ੁਸ਼ੀ ਦੀ ਪਰਵਾਹ ਕੀਤੇ ਬਗੈਰ ਹਰ ਜ਼ੁਲਮ ਦੇ ਖ਼ਿਲਾਫ਼ ਬੁਲੰਦ ਹੁੰਦੀ ਰਹੇਗੀ।